# ਆਓ ਗੱਲ ਕਰੀਏ...

# ਬੱਚਿਆਂ ਨੂੰ ਕੈਂਸਰ ਬਾਰੇ ਸਮਝਾਉਣਾ

## ਕੈਂਸਰ ਕੀ ਹੈ?

ਤੁਹਾਡਾ ਸਰੀਰ ਲੱਖਾਂ ਹੀ ਛੋਟੇ-ਛੋਟੇ ਬਿਲਡਿੰਗ ਬਲਾਕਾਂ ਦਾ ਬਣਿਆ ਹੁੰਦਾ ਹੈ ਜਿਨ੍ਹਾਂ ਨੂੰ **ਸੈੱਲ** ਕਹਿੰਦੇ ਹਨ। ਤੁਹਾਡੇ ਕੋਲ ਹਰ ਚੀਜ਼ ਲਈ ਵੱਖਰੀਆਂ ਕਿਸਮਾਂ ਹਨ, ਜਿਵੇਂ ਕਿ ਤੁਹਾਡਾ ਦਿਮਾਗ, ਚਮੜੀ, ਵਾਲ, ਅਤੇ ਖ਼ੂਨ। ਆਮ ਤੌਰ ਤੇ, ਤੁਹਾਡਾ ਸਰੀਰ ਤੁਹਾਨੂੰ ਮਜ਼ਬੂਤ ਬਣਾਈ ਰੱਖਣ ਲਈ ਨਵੇਂ, ਸਿਹਤਮੰਦ ਸੈੱਲਾਂ ਦੇ ਵਾਧੇ ਲਈ ਮਾਹਿਰ ਹੁੰਦਾ ਹੈ।

ਕੈਂਸਰ ਉਦੋਂ ਹੁੰਦਾ ਹੈ ਜਦੋਂ ਇਹਨਾਂ ਵਿੱਚੋਂ ਕੁਝ ਸੈੱਲ “ਸਿਹਤਵਿਰੋਧੀ” ਬਣ ਜਾਂਦੇ ਹਨ। ਸਰੀਰ ਦੇ ਸਧਾਰਨ ਨਿਯਮਾਂ ਨੂੰ ਮੰਨਣ ਦੀ ਬਜਾਏ, ਇਹ ਸਿਹਤਵਿਰੋਧੀ ਸੈੱਲ ਬਹੁਤ ਤੇਜ਼ੀ ਨਾਲ ਵਧਣ ਲੱਗਦੇ ਹਨ। ਜਦੋਂ ਇਹਨਾਂ ਸੈੱਲਾਂ ਦਾ ਇੱਕ ਗੁੱਛਾ ਇੱਕ ਹੀ ਜਗ੍ਹਾ ਇੱਕਠਾ ਹੋ ਜਾਂਦਾ ਹੈ, ਤਾਂ ਉਹ ਇੱਕ ਗੱਠ ਬਣਾ ਦਿੰਦਾ ਹੈ ਜਿਸਨੂੰ ਇੱਕ **ਟਿਊਮਰ** ਕਹਿੰਦੇ ਹਨ। ਕੁਝ ਟਿਊਮਰਾਂ ਨੂੰ ਵੇਖਣਾ ਜਾਂ ਮਹਿਸੂਸ ਕਰਨਾ ਸੌਖਾ ਹੁੰਦਾ ਹੈ, ਜਦਕਿ ਬਾਕੀ ਟਿਊਮਰ ਸਰੀਰ ਵਿੱਚ ਅੰਦਰ ਗਹਿਰੀ ਥਾਂ ਲੁਕੇ ਹੁੰਦੇ ਹਨ।

## ਕੈਂਸਰ ਸੈੱਲਾਂ ਦਾ ਵਿਕਾਸ




## ਕੈਂਸਰ ਦੇ 3 ‘C’

ਇਹ ਇਸ ਬਿਮਾਰੀ ਬਾਰੇ ਤਿੰਨ ਮਹੱਤਵਪੂਰਨ ਤੱਥ ਯਾਦ ਰੱਖਣ ਵਿੱਚ ਮਦਦ ਕਰਦਾ ਹੈ:

- **ਕੈਂਸਰ (Cancer):** ਇਹ ਬਿਮਾਰੀ ਦਾ ਨਾਮ ਹੈ, ਪਰ ਇਹ ਜ਼ੁਕਾਮ ਜਾਂ ਫਲੂ ਵਰਗੀ ਨਹੀਂ ਹੁੰਦੀ। ਤੁਸੀਂ ਇਸਨੂੰ ਕਸੇ ਹੋਰ ਕੋਲੋਂ ਲਾਗ ਵਾਂਗ “ਫੜ” ਨਹੀਂ ਸਕਦੇ।
- **ਸੰਕਰਮਣਕਾਰੀ (Contagious):** ਕੈਂਸਰ ਸੰਕਰਮਣਕਾਰੀ **ਨਹੀਂ** ਹੈ। ਤੁਸੀਂ ਅਜੇ ਵੀ ਕਸੇ ਅਜਿਹੇ ਵਿਅਕਤੀ ਨਾਲ ਜਿਸਨੂੰ ਇਹ ਰੋਗ ਹੈ ਤੁਹਾਨੂੰ ਇਹ ਹੋ ਜਾਣ ਦੇ ਬਿਨਾਂ ਕਿਸੇ ਜੋਖਮ ਦੇ ਗਲਵੱਕੜੀ ਪਾ ਸਕਦੇ ਹੋ, ਖੇਡ ਸਕਦੇ ਹੋ, ਅਤੇ ਸਮਾਂ ਬਿਤਾ ਸਕਦੇ ਹੋ।
- **ਕਾਰਨ (Cause):** ਇਹ ਰੋਗ ਤੁਹਾਡੇ ਕਾਰਨ **ਨਹੀਂ** ਹੋਇਆ। ਤੁਸੀਂ ਕੁਝ ਵੀ ਨਹੀਂ ਕਿਹਾ, ਕੀਤਾ, ਜਾਂ ਸੋਚਿਆ ਜਿਸ ਨਾਲ ਇਹ ਹੋ ਗਿਆ। ਇਹ ਕਦੇ ਵੀ ਕਿਸੇ ਬੱਚੇ ਦੀ ਗਲਤੀ ਨਹੀਂ ਹੁੰਦੀ।

## ਡਾਕਟਰ ਕੈਂਸਰ ਦਾ ਇਲਾਜ ਕਿਵੇਂ ਕਰਦੇ ਹਨ

- **ਕੀਮੋਥੈਰੇਪੀ (ਕੀਮੋ):** ਇਹ ਬੇਹੱਦ ਸ਼ਕਤੀਸ਼ਾਲੀ ਦਵਾਈ ਹੈ ਜੋ ਕੈਂਸਰ ਸੈੱਲਾਂ ਨੂੰ ਲੱਭਣ ਅਤੇ ਰੋਕਣ ਤਿਆਰ ਕੀਤੀ ਗਈ ਹੈ। ਕਦੇ-ਕਦੇ ਕੀਮੋ ਅਚਨਚੇਤ ਹੀ ਸਿਹਤਮੰਦ ਸੈੱਲਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ, ਜਿਵੇਂ ਕਿ ਉਹ ਸੈੱਲ ਜੋ ਵਾਲਾਂ ਨੂੰ ਵਧਾਉਂਦੇ ਹਨ। ਇਹੀ ਕਾਰਨ ਹੈ ਕਿ ਇਲਾਜ ਦੌਰਾਨ ਲੋਕ ਆਪਣੇ ਵਾਲ ਗੁਆ ਸਕਦੇ ਹਨ ਜਾਂ ਬਹੁਤ ਥੱਕਿਆ ਅਤੇ ਬਿਮਾਰ ਮਹਿਸੂਸ ਕਰ ਸਕਦੇ ਹਨ।
- **ਰੇਡੀਏਸ਼ਨ:** ਇਹ ਊਰਜਾ ਦੀ ਇੱਕ ਅਦਿੱਖ ਕਿਰਨ ਹੈ ਜੋ ਕੈਂਸਰ ਸੈੱਲਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਜਦੋਂ ਇਹ ਵਾਪਰਦਾ ਹੈ ਤਾਂ ਤੁਸੀਂ ਇਸਨੂੰ ਵੇਖ ਜਾਂ ਮਹਿਸੂਸ ਨਹੀਂ ਕਰ ਸਕਦੇ, ਪਰ ਬਾਅਦ ਵਿੱਚ, ਇਹ ਇੱਕ ਵਿਅਕਤੀ ਨੂੰ ਥੱਕਿਆ-ਹਾਰਿਆ ਮਹਿਸੂਸ ਕਰਾਉਂਦੀ ਹੈ ਜਾਂ ਉਹਨਾਂ ਦੀ ਚਮੜੀ ਤੇ “ਧੁੱਪ ਦਾ ਸਾੜ” ਦਾ ਅਹਿਸਾਸ ਕਰਵਾ ਸਕਦੀ ਹੈ।

**ਹੋਰ ਜਾਣਕਾਰੀ ਲਈ ਜਾਂ Child Life Specialist ਨਾਲ ਸੰਪਰਕ ਕਰਨ ਲਈ ਕਿਰਪਾ ਕਰਕੇ ਇਸ ਵੈੱਬਸਾਈਟ ਤੇ ਜਾਓ:**
**http://ucdavis.health/childlife**